# ਡਰਾਈਵਾਲ ਫਿਨਿਸ਼ਰ

## ਇਸ ਕਿੱਤੇ ਬਾਰੇ

ਡਰਾਈਵਾਲ ਫਿਨਿਸ਼ਰ ਵਾਲਬੋਰਡ (ਡਰਾਈਵਾਲ) ਟੇਪ ਕਰਦੇ ਹਨ ਅਤੇ ਕੰਮ ਖਤਮ ਕਰਦੇ ਹਨ। ਉਹ ਅੰਦਰਲੀਆਂ ਅਤੇ ਬਾਹਰਲੀਆਂ ਕੰਧਾਂ, ਸੀਲਿੰਗਾਂ ਅਤੇ ਬਿਲਡਿੰਗ ਦੀਆਂ ਵੰਡਾਂ ਨੂੰ ਜ਼ਿਆਦਾ ਸਜਾਵਟੀ, ਆਵਾਜ਼-ਪਰੂਫ ਅਤੇ ਫਾਇਰ-ਰੇਟਿਡ ਬਣਾਉਣ ਲਈ ਇਨ੍ਹਾਂ ਉੱਪਰ ਪਲਸਤਰ ਅਤੇ ਇਹੋ ਜਿਹੀ ਹੋਰ ਸਾਮੱਗਰੀ ਲਗਾਉਂਦੇ ਹਨ, ਪਲਸਤਰ ਦੀ ਸੰਭਾਲ ਕਰਦੇ ਹਨ ਅਤੇ ਮੁਰੰਮਤ ਕਰਦੇ ਹਨ।



"ਮੇਰੇ ਕਿੱਤੇ ਦੇ ਹਿੱਸੇ ਵਿਚ ਕਿਸੇ ਪ੍ਰੋਜੈਕਟ ਨੂੰ ਅੰਤਿਮ ਛੋਹਾਂ ਦੇਣ ਲਈ ਕੰਮ ਕਰਨਾ ਹੈ। ਮੈਨੂੰ ਇਹ ਬਹੁਤ ਪਸੰਦ ਹੈ!"

**$20.00-$36.00 /ਪ੍ਰਤੀ ਘੰਟਾ**

*2020 ਦੇ ਰੇਟ

**ਅਨੁਮਾਨਤ ਵਾਧਾ (ਕਨਸਟਰੱਕਸ਼ਨ ਲੇਬਰ ਫੋਰਸ)**

2020 ਦੇ ਮੁਕਾਬਲੇ ਦਹਾਕੇ ਦੌਰਾਨ 10%

**BuildForce Canada*

- ਤੁਹਾਡੇ ਹੱਥਾਂ-ਅੱਖਾਂ ਦਾ ਚੰਗਾ ਤਾਲਮੇਲ ਹੈ।
- ਤੁਸੀਂ ਬਾਹਰ ਕੰਮ ਕਰਨਾ ਪਸੰਦ ਕਰਦੇ ਹੋ।
- ਤੁਹਾਡੇ ਕੋਲ ਹੱਥਾਂ ਦੀ ਫੁਰਤੀ ਹੈ।

## ਜ਼ਿੰਮੇਵਾਰੀਆਂ

- ਵੱਖ ਵੱਖ ਤਰ੍ਹਾਂ ਦੇ ਬੀਡਜ਼ ਲਗਾਉਣਾ, ਸਜਾਵਟ ਨੂੰ ਉਘਾੜਨਾ ਅਤੇ ਅਕਸ ਦਿਖਾਉਣਾ ਜਿਹੜੇ ਆਮ ਕੰਧਾਂ ਨੂੰ "ਡਰਾਈਵਾਲ ਆਰਟ" ਵਿਚ ਬਦਲ ਦਿੰਦੇ ਹਨ
- ਭਰਨ ਵਾਲੇ ਕਮਪਾਊਂਡਜ਼ ਨੂੰ ਰਲਾਉਣਾ ਅਤੇ ਲਗਾਉਣਾ, ਫਿਰ ਇਕਸਾਰ ਫਿਨਿਸ਼ ਤਿਆਰ ਕਰਨ ਲਈ ਇਨ੍ਹਾਂ ਨੂੰ ਸੈਂਡ ਕਰਨਾ
- ਕੰਧਾਂ ਅਤੇ ਸੀਲਿੰਗਾਂ ਉੱਪਰ ਸਜਾਵਟੀ, ਜੜਤ ਵਾਲੀ ਕੋਟਿੰਗਜ਼ ਲਗਾਉਣ ਅਤੇ ਰਿਪੇਅਰ ਕਰਨ ਲਈ ਸਪਰੇਅ ਸਿਸਟਮਾਂ ਦੀ ਵਰਤੋਂ ਕਰਨਾ
- ਮੋਲਡਿੰਗਜ਼ ਅਤੇ ਓਰਨਾਮੈਂਟਸ ਲਗਾਉਣਾ
- ਅਡਵਾਂਸਡ ਟੇਪਿੰਗ ਅਤੇ ਕੋਟਿੰਗਜ਼ ਦੀ ਵਰਤੋਂ ਕਰਨਾ ਮਸ਼ੀਨਰੀ ਜਿਵੇਂ ਏਮਜ਼, ਅਪਲਾ-ਟੈਕ, ਕੈਨ-ਐਮ, ਆਦਿ

## ਤੁਹਾਨੂੰ ਕਿਸ ਚੀਜ਼ ਦੀ ਲੋੜ ਪਵੇਗੀ

### ਦਾਖਲੇ ਦੀਆਂ ਸ਼ਰਤਾਂ

**ਹਾਈ ਸਕੂਲ (ਸਿਫਾਰਸ਼ ਕੀਤੀਆਂ ਜਾਂਦੀਆਂ ਸ਼ਰਤਾਂ):**

- ਘੱਟੋ ਘੱਟ ਗਰੇਡ 10, ਗਰੇਡ 12 ਨੂੰ ਤਰਜੀਹ

**ਅਪਰੈਂਟਿਸਸ਼ਿਪ ਪ੍ਰੋਗਰਾਮ:**

3 ਸਾਲ ਦੀ ਟਰੇਨਿੰਗ, ਜਿਸ ਵਿਚ ਘੱਟੋ ਘੱਟ 4,500 ਘੰਟਿਆਂ ਦੀ ਪ੍ਰੈਕਟੀਕਲ ਟਰੇਨਿੰਗ ਅਤੇ 360 ਘੰਟਿਆਂ ਦੀ ਕਲਾਸ ਵਿਚ ਟੈਕਨੀਕਲ ਟਰੇਨਿੰਗ ਅਤੇ ਇਮਤਿਹਾਨ ਸ਼ਾਮਲ ਹਨ। ਕਾਮਯਾਬੀ ਨਾਲ ਸਮਾਪਤੀ ਤੋਂ ਬਾਅਦ ਜਰਨੀਪਰਸਨ ਸਰਟੀਫਿਕੇਟ ਦਿੱਤਾ ਜਾਂਦਾ ਹੈ। ਅਪਰੈਂਟਿਸ ਦੇ ਤੌਰ `ਤੇ, ਤੁਸੀਂ ਸਿੱਖਣ ਵੇਲੇ ਪੈਸੇ ਵੀ ਕਮਾਉਂਦੇ ਹੋ।

### ਮੁੱਖ ਹੁਨਰ ਅਤੇ ਗੁਣ

(ਟੈਕਨੀਕਲ ਟਰੇਨਿੰਗ ਅਤੇ ਜੌਬ ਉੱਪਰ)

- ਗੱਲਬਾਤ ਕਰਨ, ਪੜ੍ਹਨ ਅਤੇ ਲਿਖਣ ਦੇ ਵਧੀਆ ਹੁਨਰ
- ਹਿਸਾਬ ਅਤੇ ਸਮੱਸਿਆ ਦਾ ਹੱਲ ਕਰਨ ਦੇ ਚੰਗੇ ਹੁਨਰ
- ਸਰੀਰਕ ਤੰਦਰੁਸਤੀ, ਸ਼ਕਤੀ ਅਤੇ 25 ਕਿਲੋਗ੍ਰਾਮ ਭਾਰ ਚੁੱਕਣ ਦੀ ਸਮਰੱਥਾ
- ਚੰਗੀ ਨਿਗ੍ਹਾ
- ਹੱਥਾਂ ਦੀ ਫੁਰਤੀ
- ਇਕੱਲੇ ਅਤੇ ਟੀਮ ਨਾਲ ਕੰਮ ਕਰਨ ਦੀ ਸਮਰੱਥਾ

College of the BC Building Trades

**ਕੀ ਤੁਹਾਨੂੰ ਪਤਾ ਸੀ?**

ਪ੍ਰੋਫੈਸ਼ਨਲ ਡਰਾਈਵਾਲ ਫਿਨਿਸ਼ਰ ਕੰਮ ਦੇਖਣਾ ਸੌਖਾ ਬਣਾਉਂਦੇ ਹਨ, ਪਰ ਇਹ ਕਿੱਤਾ ਹੁਨਰਾਂ, ਫੁਰਤੀ ਅਤੇ ਧੀਰਜ ਦੀ ਮੰਗ ਕਰਦਾ ਹੈ!

info@collegeofthebcbt.ca | www.collegeofthebcbt.ca